153

ਨੰ:1/8/2007-ਰਸ-1/ 815

ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਸਮੂਹ ਜ਼ਿਲਿਆਂ ਦੇ ਡਿਪਟੀ ਕਮਿਸ਼ਨਰ;
ਸਮੂਹ ਉਪ ਮੰਡਲ ਮੈਜਿਸਟਰੇਟ(ਸਿਵਲ), ਅਤੇ
ਤਹਿਸੀਲਦਾਰ ।

ਮਿਤੀ,ਚੰਡੀਗੜ੍ਹ 10 ਜੁਲਾਈ,2008.

ਵਿਸ਼ਾ: ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਨੂੰ ਜਾਤੀ ਸਰਟੀਫਿਕੇਟ ਜਾਰੀ ਕਰਨ ਦੀ ਵਿਧੀ ਨੂੰ ਸਰਲ ਬਨਾਉਣ ਬਾਰੇ ।

*****

ਸ੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ:1/41/96-ਰਸ-1/ 370,ਮਿਤੀ 25.4.2001 ਵੱਲ ਦਿਵਾਉਂਦੇ ਹੋਏ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਅਕਤੀਆਂ ਨੂੰ ਜਾਤੀ ਸਰਟੀਫਿਕੇਟ ਪ੍ਰਾਪਤ ਕਰਨ ਵਿਚ ਅਜੇ ਵੀ ਬਹੁਤ ਸਾਰੀਆਂ ਔਕੜਾਂ ਪੇਸ਼ ਆਉਣ ਬਾਰੇ ਮਾਮਲਾ ਸਰਕਾਰ ਦੇ ਧਿਆਨ ਵਿਚ ਆਇਆ ਹੈ।ਅਨੁਸੂਚਿਤ ਜਾਤੀ ਨਾਲ ਸਬੰਧਤ ਵਿਅਕਤੀਆਂ ਨੂੰ ਜਾਤੀ ਸਰਟੀਫਿਕੇਟ ਬਨਾਉਣ ਲਈ ਪਟਵਾਰੀਆਂ,ਤਹਿਸੀਲਦਾਰਾਂ ਅਤੇ ਉਪ ਮੰਡਲ ਮੈਜਿਸਟਰੇਟ(ਸਿਵਲ) ਦੇ ਦਫਤਰਾਂ ਵਿਖੇ ਕਈ-ਕਈ ਗੇੜੇ ਮਾਰਨੇ ਪੈਂਦੇ ਹਨ।ਅਜਿਹਾ ਹੋਣ ਨਾਲ ਜਿੱਥੇ ਉਹਨਾਂ ਦਾ ਕੀਮਤੀ ਸਮਾਂ ਨਸ਼ਟ ਹੁੰਦਾ ਹੈ,ਉਥੇ ਨਾਲ ਹੀ ਉਹਨਾਂ ਨੂੰ ਵਿੱਤੀ ਨੁਕਸਾਨ ਵੀ ਉਠਾਉਣਾ ਪੈਂਦਾ ਹੈ ਜੋ ਕਿ ਕਈ ਗਰੀਬ ਆਦਮੀ ਦੀ ਪਹੁੰਚ ਤੋਂ ਬਾਹਰ ਹੁੰਦਾ ਹੈ।ਅਨੁਸੂਚਿਤ ਜਾਤੀ ਸਰਟੀਫਿਕੇਟ ਜਾਰੀ ਦੀ ਮੌਜੂਦਾ ਵਿਧੀ ਨੂੰ ਸਰਲ ਬਨਾਉਣ ਬਾਰੇ ਸਰਕਾਰ ਵੱਲੋਂ ਫੈਸਲਾ ਲਿਆ ਗਿਆ ਹੈ ਕਿ:-

1. 1. ਪੇਂਡੂ ਇਲਾਕਿਆਂ ਦੇ ਅਨੁਸੂਚਿਤ ਜਾਤੀ ਦੇ ਪ੍ਰਾਰਥੀਆਂ ਨੂੰ ਜਾਤੀ ਸਰਟੀਫਿਕੇਟ ਜਾਰੀ ਕਰਨ ਲਈ :-

ੳ) ਪ੍ਰਾਰਥੀ ਵੱਲੋਂ ਆਪਣੀ ਪ੍ਰਤੀਬੇਨਤੀ ਪਿੰਡ ਦੇ ਸਰਪੰਚ ਜਾਂ ਨੰਬਰਦਾਰ ਤੋਂ ਤਸਦੀਕ ਕਰਾਉਣ ਉਪਰੰਤ ਹਲਕਾ ਪਟਵਾਰੀ ਨੂੰ ਪੇਸ਼ ਕੀਤੀ ਜਾਵੇਗੀ;

ਅ) ਹਲਕਾ ਪਟਵਾਰੀ ਵੱਲੋਂ ਪ੍ਰਤੀਬੇਨਤੀ ਵਿਚ ਦਰਜ ਤੱਥ ਦੋ ਦਿਨਾਂ ਦੇ ਅੰਦਰ ਅੰਦਰ ਵੈਰੀਫਾਈ ਕਰਨ ਉਪਰੰਤ ਇਹ ਸਬੰਧਤ ਤਹਿਸੀਲਦਾਰ/ ਉਪ ਮੰਡਲ ਮੈਜਿਸਟਰੇਟ(ਸ) ਨੂੰ ਪੇਸ਼ ਕੀਤੀ ਜਾਵੇਗੀ;

ੲ) ਅਨੁਸੂਚਿਤ ਜਾਤੀ ਸਰਟੀਫਿਕੇਟ ਜਾਰੀ ਕਰਨ ਵਾਲੀ ਅਥਾਰਟੀ ਲਈ ਪ੍ਰਤੀਬੇਨਤੀ ਪ੍ਰਾਪਤ ਹੋਣ ਤੋਂ ਪੰਜ(5) ਦਿਨਾਂ ਦੇ ਅੰਦਰ ਅੰਦਰ ਪ੍ਰਾਰਥੀ ਨੂੰ ਜਾਤੀ ਸਰਟੀਫਿਕੇਟ ਜਾਰੀ ਕਰਨਾ ਜ਼ਰੂਰੀ ਹੋਵੇਗਾ।

2. ਸ਼ਹਿਰੀ ਖੇਤਰਾਂ ਦੇ ਅਨੁਸੂਚਿਤ ਜਾਤੀ ਦੇ ਪ੍ਰਾਰਥੀਆਂ ਨੂੰ ਜਾਤੀ ਸਰਟੀਫਿਕੇਟ ਜਾਰੀ ਕਰਨ ਲਈ :-

ੳ) ਪ੍ਰਾਰਥੀ ਵੱਲੋਂ ਆਪਣੀ ਪ੍ਰਤੀਬੇਨਤੀ ਵਾਰਡ ਦੇ ਮਿਊਂਸਪਲ ਕੌਂਸਲਰ ਤੋਂ ਤਸਦੀਕ ਕਰਾਉਣ ਉਪਰੰਤ ਇਹ ਸਬੰਧਤ ਹਲਕਾ ਪਟਵਾਰੀ ਨੂੰ ਪੇਸ਼

...... 2,

ਕੀਤੀ ਜਾਵੇਗੀ ;

ਅ) ਹਲਕਾ ਪਟਵਾਰੀ ਵੱਲੋਂ ਪ੍ਰਤੀਬੇਨਤੀ ਵਿਚ ਦਰਜ ਤੱਥ ਦੋ ਦਿਨਾਂ ਦੇ ਅੰਦਰ ਅੰਦਰ ਵੈਰੀਫਾਈ ਕਰਨ ਉਪਰੰਤ ਇਹ ਸਬੰਧਤ ਤਹਿਸੀਲਦਾਰ/ਉਪ ਮੰਡਲ ਮੈਜਿਸਟਰੇਟ(ਸ)ਨੂੰ ਪੇਸ਼ ਕੀਤੀ ਜਾਵੇਗੀ;

ੲ) ਅਨੁਸੂਚਿਤ ਜਾਤੀ ਸਰਟੀਫਿਕੇਟ ਜਾਰੀ ਕਰਨ ਵਾਲੀ ਅਥਾਰਟੀ (ਤਹਿਸੀਲਦਾਰ/ਉਪ ਮੰਡਲ ਮੈਜਿਸਟਰੇਟ(ਸ) ਲਈ ਪ੍ਰਤੀਬੇਨਤੀ ਪ੍ਰਾ— ਹੋਣ ਤੋਂ ਪੰਜ(5) ਦਿਨਾਂ ਦੇ ਅੰਦਰ ਅੰਦਰ ਪ੍ਰਾਰਥੀ ਨੂੰ ਜਾਤੀ ਸਰਟੀ ਜਾਰੀ ਕਰਨਾ ਜ਼ਰੂਰੀ ਹੋਵੇਗਾ।

3. ਅਨੁਸੂਚਿਤ ਜਾਤੀ ਨਾਲ ਸਬੰਧਤ ਜਿਹਨਾਂ ਪ੍ਰਾਰਥੀਆਂ ਦੇ ਮਾਤਾ-ਪਿੱਤਾ ਚੰਡੀਗੜ੍ਹ/ਮੋਹਾਲੀ ਵਿਖੇ ਸਰਵਿਸ ਕਰਦੇ ਹਨ ਜਾਂ ਰਹਿੰਦੇ ਹਨ, ਉਹਨਾਂ ਦੇ ਮਾਤਾ-ਪਿਤਾ ਦੇ ਸਰਵਿਸ ਰਿਕਾਰਡ ਦੇ ਅਧਾਰ ਤੇ ਉਹਨਾਂ ਦੇ ਵਿਭਾਗ ਦੇ ਮੁੱਖੀ ਜਾਂ ਦਫਤਰ ਦੇ ਮੁੱਖੀ ਪ੍ਰਾਰਥੀ ਨੂੰ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਕਰਨ ਲਈ ਸਮਰੱਥ ਅਧਿਕਾਰੀ ਹੋਣਗੇ ।

2. ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਹਦਾਇਤਾਂ ਆਪਣੇ ਅਧੀਨ ਸਮੂਹ ਸਬੰਧਤ ਕਰਮਚਾਰੀਆਂ/ਅਧਿਕਾਰੀਆਂ ਦੇ ਧਿਆਨ ਵਿਚ ਲਿਆਉਂਦੇ ਹੋਏ ਇਹਨਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਅਧੀਨ ਸਕੱਤਰ ਭਲਾਈ ।

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ ਅਤੇ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਭਲਾਈ ।

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ ।

ਅੰ:ਵਿ:ਪੱ:ਨੰ:1/8/2007-ਰਸ-1/816 ਮਿਤੀ, ਚੰਡੀਗੜ੍ਹ 10.7.2008.

ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਜੀ ਨੂੰ ਸੂਚਨਾ ਹਿੱਤ ਭੇਜਿਆ ਜ ਾਂਦਾ ਹੈ ।

ਅਧੀਨ ਸਕੱਤਰ ਭਲਾਈ ।

ਸੇਵਾ ਵਿਖੇ

ਪ੍ਰਮੁੱਖ ਸਕੱਤਰ/ਮੁੱਖ ਮੰਤਰੀ,
ਪੰਜਾਬ।

ਅੰ:ਵਿ:ਪੱ:ਨੰ:1/8/2007-ਰਸ-1/ 817 ਮਿਤੀ, ਚੰਡੀਗੜ੍ਹ 10.7.2008.